**ਸੋਰਠਿ ਮਹਲਾ ੯ ॥ ਮਨ ਕੀ ਮਨ ਹੀ ਮਾਹਿ ਰਹੀ ॥ ਨਾ ਹਰਿ ਭਜੇ ਨ ਤੀਰਥ ਸੇਵੇ ਚੋਟੀ ਕਾਲਿ ਗਹੀ ॥੧॥ ਰਹਾਉ ॥ ਦਾਰਾ ਮੀਤ ਪੂਤ ਰਥ ਸੰਪਤਿ ਧਨ ਪੂਰਨ ਸਭ ਮਹੀ ॥ ਅਵਰ ਸਗਲ ਮਿਥਿਆ ਏ ਜਾਨਉ ਭਜਨੁ ਰਾਮੁ ਕੋ ਸਹੀ ॥੧ ॥ ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ ॥ ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ ॥੨॥੨॥** {ਪੰਨਾ 631}

ਪਦਅਰਥ:- ਮਾਹਿ—ਵਿਚ। ਰਹੀ—ਰਹਿ ਗਈ। ਭਜੇ—ਭਜਨ ਕੀਤਾ। ਤੀਰਥ—{qIQL—A holy person} ਸੰਤ ਜਨ। ਵੇਖੋ:

(1) "ਨਾਮਿ ਰਤੇ ਤੀਰਥ ਸੇ ਨਿਰਮਲ, ਦੁਖੁ ਹਉਮੈ ਮੈਲੁ ਚੁਕਾਇਆ ॥

. . . ਨਾਨਕੁ ਤਿਨ ਕੇ ਚਰਨ ਪਖਾਲੈ, ਜਿਨ੍ਹਾ ਗੁਰਮੁਖਿ ਸਾਚਾ ਭਾਇਆ ॥" {ਪ੍ਰਭਾਤੀ ਮ: 1 , ਪੰਨਾ 1345

(2) ਸੋਰਠਿ ਮ: 9 "ਨਾ ਹਰਿ ਭਜਿਓ ਨਾ ਗੁਰਜਨੁ ਸੇਵਿਓ"—ਪੰਨਾ 632 (ਸ਼ਬਦ ਤੀਜਾ)

ਸੇਵੇ—ਸੇਵਾ ਕੀਤੀ। ਚੋਟੀ—ਬੋਦੀ। ਕਾਲਿ—ਕਾਲ ਨੇ। ਗਹੀ—ਫੜ ਲਈ।1। ਰਹਾਉ।

ਦਾਰਾ—ਇਸਤ੍ਰੀ। ਪੂਤ—ਪੁੱਤਰ। ਰਥ—ਗੱਡੀਆਂ। ਸੰਪਤਿ—ਮਲ-ਅਸਬਾਬ। ਸਭ ਮਹੀ—ਸਾਰੀ ਧਰਤੀ। ਅਵਰ—ਹੋਰ। ਸਗਲ—ਸਾਰਾ। ਮਿਥਿਆ—ਨਾਸਵੰਤ। ਜਾਨਹੁ—ਸਮਝੋ। ਕੋ—ਦਾ। ਸਹੀ—ਠੀਕ, ਸਾਥ ਨਿਬਾਹੁਣ ਵਾਲਾ, ਅਸਲ (ਸਾਥੀ)।1।

ਜੁਗ—ਜੁਗਾਂ ਵਿਚ। ਹਾਰਿਓ—ਥੱਕ ਗਿਆ। ਮਾਨਸ ਦੇਹ—ਮਨੁੱਖਾ ਸਰੀਰ। ਲਹੀ—ਲੱਭਾ। ਬਰੀਆ—ਵਾਰੀ। ਕਹਾ ਨਹੀ—ਕਿਉਂ ਨਹੀਂ?।2।

ਅਰਥ:- (ਹੇ ਭਾਈ! ਵੇਖੋ, ਮਾਇਆ ਧਾਰੀ ਦੀ ਮੰਦ-ਭਾਗਤਾ! ਉਸ ਦੇ) ਮਨ ਦੀ ਆਸ ਮਨ ਵਿਚ ਹੀ ਰਹਿ ਗਈ। ਨਾਹ ਉਸ ਨੇ ਪਰਮਾਤਮਾ ਦਾ ਭਜਨ ਕੀਤਾ, ਨਾਹ ਹੀ ਉਸ ਨੇ ਸੰਤ ਜਨਾਂ ਦੀ ਸੇਵਾ ਕੀਤੀ, ਤੇ, ਮੌਤ ਨੇ ਬੋਦੀ ਆ ਫੜੀ।1। ਰਹਾਉ।

ਹੇ ਭਾਈ! ਇਸਤ੍ਰੀ, ਮਿੱਤਰ, ਪੁੱਤਰ, ਗੱਡੀਆਂ, ਮਾਲ-ਅਸਬਾਬ, ਧਨ-ਪਦਾਰਥ ਸਾਰੀ ਹੀ ਧਰਤੀ—ਇਹ ਸਭ ਕੁਝ ਨਾਸਵੰਤ ਸਮਝੋ। ਪਰਮਾਤਮਾ ਦਾ ਭਜਨ (ਹੀ) ਅਸਲ (ਸਾਥੀ) ਹੈ।1।

ਹੇ ਭਾਈ! ਕਈ ਜੁਗ (ਜੂਨਾਂ ਵਿਚ) ਭਟਕ ਭਟਕ ਕੇ ਤੂੰ ਥੱਕ ਗਿਆ ਸੀ। (ਹੁਣ) ਤੈਨੂੰ ਮਨੁੱਖਾ ਸਰੀਰ

ਲੱਭਾ ਹੈ। ਨਾਨਕ ਆਖਦਾ ਹੈ—(ਹੇ ਭਾਈ! ਪਰਮਾਤਮਾ ਨੂੰ) ਮਿਲਣ ਦੀ ਇਹੀ ਵਾਰੀ ਹੈ, ਹੁਣ ਤੂੰ ਸਿਮਰਨ ਕਿਉਂ ਨਹੀਂ ਕਰਦਾ?।2। 2।